# ਪੰਜਾਬ ਰਾਜ ਮਹਿਲਾ ਕਮਿਸ਼ਨ

ਐਸ.ਸੀ.ਓ. ਨੰ.5, ਪਹਿਲੀ ਮੰਜਿਲ, (ਸਾਹਮਣੇ ਇੰਡਸ ਹਸਪਤਾਲ), ਫੇਜ਼-1, ਐਸ.ਏ.ਐਸ.ਨਗਰ।
ਫੋਨ ਨੰ: 0172-2222607, 0172-2223607
**Email :** pswc.pb@punjab.gov.in and punjabwomencommission@gmail.com

ਤੁਰੰਤ

ਸੇਵਾ ਵਿਖੇ,

ਸੀਨੀਅਰ ਪੁਲਿਸ ਕਪਤਾਨ,
ਫਿਰੋਜਪੁਰ।

ਮੀਮੋ ਨੰ:ਪ.ਰ.ਮ.ਕ./2025/ 4860
ਮਿਤੀ : 09.06.2025

ਵਿਸ਼ਾ : ਨਿਊਜ਼ ਪੇਪਰ ਵਿੱਚ ਪ੍ਰਕਾਸ਼ਿਤ ਹੋਈ ਖਬਰ – ਮਹਿਲਾ ਨੂੰ ਜੰਜੀਰਾਂ ਨਾਲ ਬੰਨ ਕੇ ਰੱਖਣ ਦੇ ਬਾਅਦ ਸੱਤ ਹਜਾਰ ਰੁਪਏ ਵਿੱਚ ਵੇਚ ਦਿੱਤਾ।

********

ਪੰਜਾਬ ਰਾਜ ਮਹਿਲਾ ਕਮਿਸ਼ਨ "ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001" ਦੀ ਧਾਰਾ 12 ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਔਰਤਾਂ ਦੇ ਅਧਿਕਾਰਾਂ, ਸਨਮਾਨ ਅਤੇ ਸੁਰੱਖਿਆ ਦੀ ਉਲੰਘਣਾ ਨਾਲ ਸਬੰਧਤ ਮਾਮਲਿਆ ਤੇ ਸੋ-ਮੋਟੋ ਨੋਟਿਸ ਲੈ ਸਕਦਾ ਹੈ। ਕਮਿਸ਼ਨ ਵੱਲੋਂ ਅਜਿਹੇ ਮਾਮਲਿਆਂ ਨੂੰ ਬੜੀ ਹੀ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਹੈ ਅਤੇ ਕਮਿਸ਼ਨ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਪੰਜਾਬ ਵਿੱਚ ਔਰਤਾਂ ਦੇ ਅਧਿਕਾਰ, ਮਾਣ ਅਤੇ ਰੁਤਬੇ ਦੀ ਸੁਰੱਖਿਆ ਹੋਵੇ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਨਿਊਜ਼ ਪੇਪਰ ਵਿੱਚ ਪ੍ਰਕਾਸ਼ਿਤ ਹੋਈ ਖਬਰ ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਾਪਤ ਮੈਸੇਜ਼ ਤੋਂ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਫਿਰੋਜਪੁਰ ਵਿਖੇ ਇੱਕ ਮਹਿਲਾ ਨੂੰ ਪਰਮਜੀਤ ਕੌਰ ਨਾਮ ਦੀ ਔਰਤ ਵੱਲੋਂ ਇੱਕ ਔਰਤ ਨੂੰ ਕਪਤਾਨ ਸਿੰਘ ਨਾਮ ਦੇ ਵਿਅਕਤੀ ਨੂੰ 7000/- ਰੁਪਏ ਵਿੱਚ ਵੇਚ ਦਿੱਤਾ ਗਿਆ ਹੈ। ਪਰਮਜੀਤ ਕੌਰ ਵੱਲੋਂ ਮਹਿਲਾ ਤੋਂ ਸਾਰਾ ਦਿਨ ਕੰਮ ਕਰਵਾਇਆ ਜਾਂਦਾ ਸੀ ਅਤੇ ਰਾਤ ਸਮੇਂ ਜੰਜੀਰਾ ਵਿੱਚ ਬੰਨ ਕੇ ਰੱਖਿਆ ਜਾਂਦਾ ਸੀ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੀੜਿਤ ਮਹਿਲਾ ਦੇ ਪਤੀ ਨੇ ਇਸ ਨੂੰ ਘਰ ਤੋਂ ਕੱਢ ਦਿੱਤਾ ਗਿਆ ਸੀ ਅਤੇ ਕਿਸੇ ਹੋਰ ਔਰਤ ਨਾਲ ਵਿਆਹ ਕਰ ਲਿਆ ਸੀ। ਇਸ ਉਪਰੰਤ ਪੀੜਿਤ ਔਰਤ ਆਪਣੇ ਪੇਕੇ ਘਰ ਚਲੀ ਗਈ, ਜਿੱਥੋਂ ਉਸ ਦੇ ਭਰਾਵਾਂ ਵੱਲੋਂ ਉਸ ਨੂੰ ਵੇਚ ਦਿੱਤਾ ਗਿਆ ਸੀ ਅਤੇ ਉਦੋਂ ਤੋਂ ਹੀ ਇਸ ਮਹਿਲਾ ਨੂੰ ਵੇਚਣ ਦਾ ਸਿਲਸਿਲਾ ਚੱਲ ਰਿਹਾ ਹੈ ਅਤੇ ਹੁਣ ਪਰਮਜੀਤ ਕੌਰ ਵੱਲੋਂ ਇਸ ਮਹਿਲਾ ਨੂੰ ਕਪਤਾਨ ਸਿੰਘ ਨੂੰ ਵੇਚ ਦਿੱਤਾ ਗਿਆ। **ਥਾਣਾ ਕੁੱਲਗੜ੍ਹੀ ਵੱਲੋਂ ਪਰਮਜੀਤ ਕੌਰ ਅਤੇ ਕਪਤਾਨ ਸਿੰਘ ਤੇ ਹੀ ਮੁਕੱਦਮਾਂ ਦਰਜ ਕੀਤਾ ਗਿਆ ਹੈ ਜਦ ਕਿ ਪੀੜਿਤ ਮਹਿਲਾ ਦੇ ਪਤੀ ਅਤੇ ਭਰਾਵਾਂ ਤੇ ਵੀ ਕਾਰਵਾਈ/ਮੁਕੱਦਮਾਂ ਦਰਜ ਹੋਣਾ ਚਾਹੀਦਾ ਹੈ।**

ਇਸ ਸਬੰਧੀ ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ "ਔਰਤਾਂ ਲਈ ਪੰਜਾਬ ਰਾਜ ਕਮਿਸ਼ਨ ਐਕਟ, 2001" ਤਹਿਤ ਸੋ-ਮੋਟੋ ਲੈਂਦਿਆਂ ਹੋਇਆਂ ਮਾਨਯੋਗ ਚੇਅਰਪਰਸਨ, ਪੰਜਾਬ ਰਾਜ ਮਹਿਲਾ ਕਮਿਸ਼ਨ ਜੀ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਇਸ ਕੇਸ ਤੇ ਤੁਰੰਤ ਕਿਸੇ ਸੀਨੀਅਰ ਅਧਿਕਾਰੀ ਤੋਂ ਕਾਨੂੰਨ ਅਨੁਸਾਰ ਪੜਤਾਲ/ਕਾਰਵਾਈ ਕਰਵਾਈ ਜਾਵੇ ਪੀੜਿਤ ਮਹਿਲਾ ਦੇ ਪਤੀ ਅਤੇ ਭਰਾਵਾਂ ਤੇ ਵੀ ਬਣਦੀ ਕਾਰਵਾਈ ਕੀਤੀ ਜਾਵੇ ਅਤੇ **ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਮਿਤੀ 12.06.2025 ਤੱਕ ਕਮਿਸ਼ਨ ਦੀ ਉਕਤ ਦਰਸਾਈ ਈਮੇਲ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ** ਤਾਂ ਜੋ ਉਸ ਅਨੁਸਾਰ ਇਸ ਕੇਸ ਤੇ ਅਗਲੇਰੀ ਕਾਰਵਾਈ ਕੀਤੀ ਜਾ ਸਕੇ ਜੀ।

ਨੱਥੀ : ਨਿਊਜ਼ ਕਟਿੰਗ।

ਡਿਪਟੀ ਡਾਇਰੈਕਟਰ,
ਵਾ : ਚੇਅਰਪਰਸਨ,
ਪੰਜਾਬ ਰਾਜ ਮਹਿਲਾ ਕਮਿਸ਼ਨ।

# Jalandhar News: महिला को जंजीरों से बांधने के बाद सात हजार रुपये में बेचा

Jalandhar News: महिला को जंजीरों से बांधने के बाद सात हजार रुपये में बेचा

Updated Sat, 07 Jun 2025 07:50 PM IST

संवाद न्यूज एजेंसी

फिरोजपुर। जंजीरों से बांधने के बाद एक महिला ने पीड़िता को सात हजार रुपये में एक व्यक्ति को बेच दिया। थाना कुलगढ़ी पुलिस ने पीड़िता के बयान पर शनिवार को आरोपी महिला संग दो लोगों के खिलाफ मामला दर्ज कर लिया। उनकी तलाश की जा रही है। पीड़िता रमनदीप कौर ने पुलिस को दिए बयान में कहा कि उसके पति विक्की ने उसे छोड़कर किसी और महिला के साथ शादी कर ली थी। उसे घर से निकाल दिया था। उसकी एक बेटी है, जो अपने पिता के साथ रहती है। पीड़िता अपना पेट भरने के लिए आरोपी महिला परमजीत कौर के पास कामकाज करने लगी। परमजीत ने बकरियां रखी हुई थीं। पीड़िता सारा दिन बकरियां चराने जाती थी और रात के समय परमजीत कौर पीड़िता को जंजीरों से बांध देती थी। गेहूं के सीजन में नारायण गढ़ का कप्तान सिंह परमजीत कौर के पास आता था। वह तूड़ी बनाने वाली मशीन लेकर आता था। परमजीत कौर ने पीड़िता को 7000 रुपये में कप्तान सिंह के पास बेच दिया। कप्तान उसे अपने गांव नारायणगढ़ थाना तलवंडी भाई ले गया और वहां ले जाकर उसे अपने घर का सारा कामकाज कराने लगा। वह उसे भी तंग करने लगा। पीड़िता ने इस संबंध में पुलिस से शिकायत की है। थाना कुलगढ़ी पुलिस ने आरोपी परमजीत कौर और कप्तान सिंह के खिलाफ मामला दर्ज कर लिया है। दोनों आरोपी फरार हैं।

ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲਾ ਮਨੁੱਖੀ ਤਸਕਰੀ ਦਾ ਘਿਨੌਣਾ ਮਾਮਲਾ ਆਇਆ ਸਾਹਮਣੇ , ਖਿਡਾਉਣੇ ਦੀ ਤਰ੍ਹਾਂ ਮਹਿਲਾਂ ਨੂੰ ਖਰੀਦਿਆ ਅਤੇ ਵੇਚਿਆ ਗਿਆ , ਬੰਦੂਆ ਮਜ਼ਦੂਰ ਦੀ ਤਰ੍ਹਾਂ ਕਰਵਾਉਂਦੇ ਰਹੇ ਮਹਿਲਾ ਤੋਂ ਕੰਮ ਅਤੇ ਕਰਦੇ ਰਹੇ ਸਰੀਰਿਕ ਸ਼ੋਸ਼ਣ , ਚਾਰ ਜਗਾ ਮਹਿਲਾ ਨੂੰ ਵੇਚਣ ਦੇ ਲੱਗੇ ਦੋਸ਼ ਪੰਜਾਬ ਤੋਂ ਰਾਜਸਥਾਨ ਤੱਕ ਅਲੱਗ ਅਲੱਗ ਜਗਹਾ ਵਿਕਦੀ ਰਹੀ ਮਹਿਲਾ , ਆਖਿਰਕਾਰ ਗੁਰਦੁਆਰੇ ਵਾਲਿਆਂ ਨੇ ਮਹਿਲਾ ਨੂੰ ਮਨੁੱਖੀ ਤਸਕਰਾਂ ਦੇ ਚੁੰਗਲ ਚੋਂ ਛੁਡਵਾਇਆ , ਸੰਗਲਾਂ ਨਾਲ ਬੰਨ ਕੇ ਰੱਖਦੇ ਸਨ ਪੀੜਤ ਮਹਿਲਾ ਨੂੰ ਘਰ ਦੇ ਕੰਮ ਤੋਂ ਲੈ ਕੇ ਸਰੀਰਕ ਭੁੱਖ ਤੱਕ ਮਿਟਾਈ ਜਾਂਦੀ ਸੀ ਮਹਿਲਾ ਨਾਲ ਜਾਨਵਰਾਂ ਤੋਂ ਵੀ ਬਦਤਰ ਕੀਤਾ ਜਾਂਦਾ ਸੀ ਸਲੂਕ , ਸਿੱਖ ਜਥੇਬੰਦੀਆਂ ਵੱਲੋਂ ਕੀਤੀ ਗਈ ਮਹਿਲਾ ਦੀ ਮਦਦ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾ ਆਰੋਪੀਆਂ ਖਿਲਾਫ ਕਿਰਾਇਆ ਗਿਆ ਮੁਕਦਮਾ ਦਰਜ

Vo 1 = ਭਲੇ ਹੀ ਭਾਰਤ ਦੇਸ਼ 21ਵੀਂ ਸਦੀ ਵਿੱਚ ਪਹੁੰਚ ਗਿਆ ਹੈ ਅਤੇ ਸੋਚ ਨੇ ਕਿੰਨੀ ਵੀ ਤਰੱਕੀ ਕਰ ਲਈ ਹੋਵੇ ਪਰ ਅੱਜ ਵੀ ਮਾਨਵ ਤਸਕਰੀ ਵਰਗੇ ਮਾਮਲੇ ਸਾਹਮਣੇ ਆ ਰਹੇ ਨੇ ਅਤੇ ਇਹ ਜੋ ਮਾਮਲਾ ਫਿਰੋਜਪੁਰ ਵਿੱਚ ਮਾਨਵ ਤਸਕਰੀ ਦਾ ਸਾਹਮਣੇ ਆਇਆ ਹੈ ਰੂਹ ਨੂੰ ਕੰਬਾ ਕੇ ਰੱਖ ਦੇਣ ਵਾਲਾ ਹੈ ਕਿ ਕਿਸ ਤਰ੍ਹਾਂ ਇੱਕ ਮਹਿਲਾ ਉੱਪਰ ਤਸ਼ਦਦ ਢਾਇਆ ਜਾਂਦਾ ਹੈ ਅਤੇ ਆਪਣੇ ਹੀ ਉਸ ਦਾ ਸੌਦਾ ਕਰਕੇ ਅੱਗੇ ਤੋਂ ਅੱਗੇ ਉਸਨੂੰ ਵੇਚਦੇ ਹਨ , ਜਾਣਕਾਰੀ ਅਨੁਸਾਰ ਜਲੰਧਰ ਦੀ ਰਹਿਣ ਵਾਲੀ ਰਮਨਦੀਪ ਕੌਰ ਦੀ ਸ਼ਾਦੀ ਸ਼ਾਹਕੋਟ ਵਿੱਖੇ ਇੱਕ ਆਟੋ ਰਿਕਸ਼ਾ ਚਾਲਕ ਨਾਲ ਹੋਈ ਸੀ ਜਿਸ ਤੋਂ ਰਮਨਦੀਪ ਕੌਰ ਨੂੰ ਇੱਕ ਬੇਟੀ ਪੈਦਾ ਹੋਈ ਜਿਸ ਤੋਂ ਬਾਅਦ ਉਸਦੇ ਪਤੀ ਨੇ ਇੱਕ ਹੋਰ ਮਹਿਲਾ ਨਾਲ ਵਿਆਹ ਕਰਵਾ ਲਿਆ ਅਤੇ ਰਮਨਦੀਪ ਕੌਰ ਅਤੇ ਉਸ ਦੀ ਬੇਟੀ ਨੂੰ ਘਰੋਂ ਕੱਢ ਦਿੱਤਾ , ਘਰੋਂ ਕੱਢਣ ਦੇ ਬਾਅਦ ਰਮਨਦੀਪ ਆਪਣੇ ਪੇਕੇ ਚਲੀ ਗਈ ਪਰ ਕਿਸਮਤ ਨੇ ਉਸਨੂੰ ਹੋਰ ਧੋਖਾ ਦਿੱਤਾ ਕਿ ਉਸਦੇ ਮਾਤਾ ਪਿਤਾ ਵੀ ਇਸ ਦੁਨੀਆ ਤੋਂ ਰੁਖਸਤ ਹੋ ਗਏ ਤਾਂ ਉਸਦੇ ਭਰਾਵਾਂ ਨੇ ਉਸ ਨੂੰ ਪਹਿਲਾ ਘਰ ਵਿੱਚ ਰੱਖਣ ਬਦਲੇ ਉਸੋ ਸਾਰਾ ਘਰ ਦਾ ਕੰਮ ਕਰਵਾਉਂਦੇ ਸਨ ਸਨ ਅਤੇ ਨੌਕਰਾਂ ਸਲੂਕ ਕਰਦੇ ਸਨ ਪਰ ਕੁਝ ਸਮੇਂ ਬਾਅਦ ਰਮਨਦੀਪ ਕੌਰ ਦੇ ਚਚੇਰੇ ਭਰਾ ਨੇ ਹੀ ਉਸਦਾ ਸੌਦਾ ਕਰ ਦਿੱਤਾ ਅਤੇ ਉਸਨੂੰ ਰਾਜਸਥਾਨ ਵਿਖੇ ਇੱਕ ਮਹਿਲਾ ਨੂੰ ਵੇਚ ਦਿੱਤਾ ਉੱਥੇ ਰਮਨਦੀਪ ਕੋਲੋਂ ਬਕਰੀਆਂ ਚ ਰਵਾਉਣ ਦਾ ਅਤੇ ਘਰ ਦਾ ਕੰਮ ਕਰਾਇਆ ਜਾਂਦਾ ਸੀ ਨਾਲ ਹੀ ਉਸਦਾ ਜਿਸਮਾਨੀ ਸੌਦਾ ਵੀ ਕੀਤਾ ਜਾਂਦਾ ਸੀ ਅਤੇ ਉਹ ਕਿਤੇ ਭੱਜ ਨਾ ਜਾਵੇ ਉਸ ਨੂੰ ਸੰਗਲਾਂ ਨਾਲ ਬੰਨ ਕੇ ਵੀ ਰੱਖਿਆ ਜਾਂਦਾ ਸੀ। , ਜਦ ਰਾਜਸਥਾਨ ਦੇ ਦਲਾਲਾ ਨੇ ਉਸ ਤੋਂ ਪੈਸੇ ਕਮਾ ਲਏ ਤਾਂ ਫਿਰ ਉਸਨੂੰ ਫਿਰੋਜ਼ਪੁਰ ਵਿੱਚ ਇਕ ਮਹਿਲਾ ਨੂੰ  ਵੇਚ ਦਿੱਤਾ ਉਕਤ ਮਹਿਲਾ ਨੇ ਰਮਨਦੀਪ ਕੌਰ ਨੂੰ ਆਪਣੀ ਮਾਂ ਕੋਲ ਛੱਡ ਦਿੱਤਾ ਜੋ ਉਸਦੇ ਘਰ ਦਾ ਸਾਰਾ ਕੰਮ ਕਰਦੇ ਸੀ ਅਤੇ ਉਸ ਦੀ ਸੇਵਾ ਕਰਦੀ ਸੀ , ਮਨੁੱਖੀ ਲਾਲਚ ਇੱਥੇ ਵੀ ਨਹੀਂ ਰੁਕਿਆ ਤਾਂ ਉਸਨੇ ਦਮਨਦੀਪ ਕੌਰ ਨੂੰ ਅੱਗੇ ਤੀਜੀ ਥਾਂ 80 ਹਜਾਰ ਰੁਪਏ ਵਿੱਚ ਵੇਚ ਦਿੱਤਾ , ਕੁਝ ਸਮਾਂ ਉੱਥੇ ਬੀਤਣ ਤੋਂ ਬਾਅਦ ਰਮਨਦੀਪ ਕੌਰ ਨੂੰ 7000 ਰੁਪਏ ਵਿੱਚ ਨਾਰਾਇਣਗੜ ਵਿੱਚ ਇੱਕ ਪਰਿਵਾਰ ਨੂੰ ਵੇਚ ਦਿੱਤਾ ਗਿਆ ਪਰ ਰਮਨਦੀਪ ਕੌਰ ਕਿਸੇ ਤਰ੍ਹਾਂ ਹੌਸਲਾ ਕਰਕੇ ਗੁਰਦੁਆਰਾ ਸਾਹਿਬ ਦੇ ਪਾਠੀ ਪਾਸ ਗੁਰਦੁਆਰੇ ਪਹੁੰਚ ਗਈ ਅਤੇ ਜਦ ਪਾਠੀ ਆਪਣੇ ਘਰ ਪੀੜਤਾਂ ਨੂੰ ਲੈ ਆਇਆ ਤਾਂ ਖਰੀਦਣ ਵਾਲੇ ਉਸ ਦੇ ਘਰ ਆਣੇ ਸ਼ੁਰੂ ਹੋ ਗਏ ਕਿ ਇਹ ਮਹਿਲਾ ਨੂੰ ਉਹ ਖਰੀਦ ਕੇ ਲਿਆਏ ਨੇ ਤਾਂ ਉਸਨੂੰ ਜਬਰੀ ਆਪਣੇ ਘਰ ਲੈ ਜਾਂਦੇ ਸਨ ਇਹ ਸਿਲਸਿਲਾ ਕਈ ਦਿਨ ਤੱਕ ਚਲਦਾ ਰਿਹਾ ਤਾਂ ਪਾਠੀ ਵੱਲੋਂ ਮਾਮਲਾ ਸਿੱਖ ਜਥੇਬੰਦੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਜਿਨਾਂ ਵੱਲੋਂ ਰਮਨਦੀਪ ਕੌਰ ਨੂੰ ਹੌਸਲਾ ਦੇ ਕੇ ਉਹਨਾਂ ਦੇ ਚੁੰਗਲ ਚੋਂ ਛੁਡਾਇਆ ਅਤੇ ਦੀ ਸ਼ਿਕਾਇਤ ਪੁਲਿਸ ਵਿੱਚ ਕੀਤੀ